# ਮੁੱਖ ਕੋਚ

ਆਪਣੇ ਵਿਦਿਆਰਥੀਆਂ ਨੂੰ ਚੈਂਪੀਅਨ ਬਣਨ ਦੀ ਸਿਖਲਾਈ ਦੇਣ ਵਿੱਚ ਦੁੱਖ ਹੋਵੇਗਾ। ਇਸ ਵਿਚ ਕੁਝ ਸਮਾਂ ਲੱਗੇਗਾ। ਇਸ ਦੇ ਲਈ ਇੱਛਾ ਸ਼ਕਤੀ ਦੀ ਜਰੂਰਤ ਹੋਵੇਗੀ।

ਇਹ ਬਲੀਦਾਨ ਮੰਗਦਾ ਹੈ।

ਤੁਹਾਨੂੰ ਆਪਣੇ ਆਪ ਨੂੰ ਬਹੁਤ ਉੱਪਰ ਤੱਕ ਲਿਜਾਣਾ ਪਵੇਗਾ। ਉੱਥੇ ਪਰਤਾਵੇ ਲਏ ਜਾਣਗੇ।

ਪਰ ਮੈਂ ਤੁਹਾਡੇਨਾਲ ਇਹ ਵਾਅਦਾ ਕਰਦਾ ਹਾਂ, ਜਦੋਂ ਤੁਸੀਂ ਆਪਣੀ ਮੰਜਿਲ ਤੇ ਪਹੁੰਚ ਗਏ,

## ਇਹ ਤੁਹਾਡੇ ਲਈ ਬਹੁਤ ਲਾਭਕਾਰੀ ਹੋਵੇਗਾ।

ਹਰੇਕ ਪਹਿਲਵਾਨ ਸਭਨੀਂ ਗੱਲੀਂ ਸੰਜਮੀ ਹੁੰਦਾ ਹੈ। ਸੋ ਉਹ ਤਾਂ ਨਾਸ਼ਵਾਨ ਸਿਹਰੇ ਨੂੰ ਪਰ ਅਸੀਂ ਅਵਿਨਾਸੀ ਸਿਹਰੇ ਨੂੰ ਲੈਣ ਲਈ ਇਹ ਕਰਦੇ ਹਾਂ। ੧ ਕੁਰਿੰਥੀਆਂ ਨੂੰ 9:25

# ਪਿਆਰੇ ਅਧਿਆਪਕ,

ਅਸੀਂ ਦੁਆ ਕਰਦੇ ਹਾਂ ਕਿ ਪ੍ਰਮਾਤਮਾ ਤੁਹਾਨੂੰ ਹਰ ਕਿਸੇ ਨੂੰ ਆਪਣਾ ਆਸ਼ੀਰਵਾਦ ਦੇਵੇ ਕਿਉਂਕਿ ਤੁਸੀਂ ਪਰਮਾਤਮਾ ਦੀ ਸੇਵਾ ਕਰਦੇ ਹੋ ਅਤੇ ਇਸ ਕਰਕੇ ਪੂਰੇ ਸੰਸਾਰ ਦੇ ਮੰਤਰੀ ਤੋਂ ਲੈਕੇ ਬੱਚਿਆਂ ਤੱਕ ਨੂੰ ਆਸ਼ੀਰਵਾਦ ਮਿਲੇ। ਤੁਸੀਂ ਕੁਝ ਅਲੱਗ ਕਰ ਰਹੇ ਹੋ ਅਤੇ ਅੰਤ ਕਾਲ ਤੱਕ ਜ਼ਿੰਦਗੀ ਜਿਆਉਣ ਦਾ ਢੰਗ ਬਦਲ ਰਹੇ ਹੋ!




ਸਾਡੇ ਕੋਲ ਤੁਹਾਡੇ ਲਈ ਸਰਪਰਾਇਜ਼ ਹੈ। ਤੁਸੀਂ ਸੋਚਦੇ ਹੋਵੋਂਗੇ ਕਿ ਤੁਸੀਂ ਸੰਡੇ ਸਕੂਲ ਦੇ ਟੀਚਰ ਲਈ ਅਪਲਾਈ ਕੀਤਾ ਪਰ ਤੁਹਾਡੀ ਜੌਬ ਬਦਲ ਕੇ ਤੁਹਾਨੂੰ ਕੋਚ ਬਣਾ ਦਿੱਤਾ ਹੈ! ਇਹ ਠੀਕ ਹੈ, ਇਸ ਸਾਲ ਅਸੀਂ ਮੁੱਕੇਬਾਜ਼ੀ ਵਿਸ਼ੇ ਦੇ ਨਾਲ ਬਾਈਬਲ ਦੀ ਪੜ੍ਹਾਈ ਕਰਾਂਗੇ ਅਤੇ ਅਸੀਂ ਆਸ ਕਰਦੇ ਹਾਂ ਕਿ ਅਸੀਂ ਖੇਡਾਂ ਵਿੱਚ ਮਜ਼ਾ ਲਵਾਂਗੇ। ਪਿਆਰੇ ਅਧਿਆਪਕ, ਹੁਣੇ ਸ਼ੁਰੂ ਕਰ ਦਿਓ! ਟੀਚਰ ਬਣਨ ਦੀ ਵਜਾਏ ਇੱਕ ਕੋਚ ਬਣੋ ਅਤੇ ਇਹ ਤੁਹਾਡੀ ਕਲਾਸ ਦੇ ਹਰ ਬੱਚੇ ਦੀ ਚੰਗੀ ਤਰ੍ਹਾਂ ਦੇਖ ਭਾਲ ਕਰਨ ਲਈ ਅਤੇ ਉਹਨਾਂ ਨੂੰ ਚੈਮਪੀਅਨ ਬਣਾਉਣ ਵਿੱਚ ਮਦਦ ਕਰਨ ਲਈ ਤੁਹਾਨੂੰ ਪ੍ਰੇਰਿਤ ਕਰੇਗਾ।


ਅਸੀਂ ਆਤਮਾ ਦਾ ਫਲ ਪੜ੍ਹ ਰਹੇ ਹੋਵਾਂਗੇ। ਪਰ, ਫਲ ਨੂੰ ਹੀ ਨਹੀਂ ਵੇਖਣਾ, ਪਰ ਉਹਨਾਂ ਸ਼ਰੀਰ ਦੇ ਪਾਪਾਂ ਨੂੰ ਵੀ ਦੇਖਣਾ ਹੈ ਜਿਹੜੇ ਸਾਡੀ ਆਤਮਾ ਦੇ ਫਲ ਵਿਰੁੱਧ ਲੜਦੇ ਹਨ। ਆਪਣੇ ਵਿਦਿਆਰਥੀਆਂ ਨੂੰ ਚੈਮਪੀਅਨ ਬਣਾਉਣਾ ਹੀ ਤੁਹਾਡਾ ਮਕਸਦ ਹੈ। ਇਹ ਕਰਨ ਲਈ ਉਹਨਾਂ ਨੂੰ ਸਿਰਫ ਯਾਦਾਸ਼ਤ ਤੁੱਕਾਂ ਹੀ ਯਾਦ ਕਰਨ ਦੀ ਲੋੜ ਨਹੀਂ ਜਾਂ ਬਾਈਬਲ ਦੀਆਂ ਕਹਾਣੀਆਂ ਸੁਣਨ ਦੀ ਹੀ ਲੋੜ ਨਹੀਂ ਸਗੋਂ ਉਹਨਾਂ ਨੂੰ ਆਤਮਾ ਦੇ ਫਲ ਨੂੰ ਵੀ ਰੋਜ਼ਾਨਾ ਆਪਣੀ ਜ਼ਿੰਦਗੀ ਵਿੱਚ ਅਪਣਾਉਣ ਦੀ ਵੀ ਲੋੜ ਹੈ। ਕੋਚ ਹੋਣ ਦੇ ਨਾਤੇ ਇਹ ਤੁਹਾਡੇ ਲਈ ਬਹੁਤ ਹੀ ਔਖੀ ਚੁਣੌਤੀ ਹੈ।

ਮੁੱਕੇਬਾਜ਼ੀ ਦੇ ਵਿਸ਼ੇ ਦਾ ਇਸਤੇਮਾਲ ਕਰਕੇ, ਜਦੋਂ ਤੁਹਾਡੇ ਵਿਦਿਆਰਥੀ ਤੁਹਾਡੇ ਸੰਡੇ ਸਕੂਲ ਦੀਆਂ ਕਲਾਸਾਂ ਵਿੱਚ ਹੋਣ, ਤਾਂ ਚੱਲੋ ਇਹ ਮੰਨ ਲਿਆ ਕਰੀਏ ਕਿ ਉਹ ਟ੍ਰੇਨਿੰਗ ਲੈ ਰਹੇ ਹਨ। ਉਹ ਕਸਰਤ ਕਰ ਰਹੇ ਹਨ ਅਤੇ ਪ੍ਰਮਾਤਮਾ ਬਾਰੇ ਹੋਰ ਜਾਣ ਰਹੇ ਹਨ ਅਤੇ ਪਾਪਾਂ ਵਿਰੁੱਧ ਲੜਨਾ ਵੀ ਸਿੱਖ ਰਹੇ ਹਨ। ਇਸ ਕਰਕੇ ਤੁਹਾਡਾ ਚਰਚ ਇੱਕ ਟ੍ਰੇਨਿੰਗ ਸੈਂਟਰ ਹੈ।

ਜਦੋਂ ਤੁਹਾਡੇ ਵਿਦਿਆਰਥੀ ਬਾਹਰਲੀ ਦੁਨੀਆ ਵਿੱਚ ਹੁੰਦੇ ਹਨ ਤਾਂ ਉਹ ਅਸਲ ਵਿੱਚ ਇੱਕ "ਲੜਾਈ ਦੇ ਮੈਦਾਨ" ਵਿੱਚ ਹੁੰਦੇ ਹਨ! ਇਹ ਉਹ ਜਗ੍ਹਾ ਹੋਵੇਗੀ ਜਿੱਥੇ ਉਹ ਅਸਲ ਵਿੱਚ ਆਪਣੀਆਂ ਪਾਪੀ ਇੱਛਾਵਾਂ ਵਿਰੁੱਧ ਲੜਨਗੇ। ਇਸੇ ਲਈ ਉਹਨਾਂ ਦੇ ਘਰ ਅਤੇ ਸਕੂਲ ਉਹਨਾਂ ਦੇ ਅਸਲੀ ਜੰਗ ਦੇ ਮੈਦਾਨ ਅਤੇ ਬੌਕਸਿੰਗ ਮੈਚ ਹੁੰਦੇ ਹਨ। ਇਹ ਤਾਂ ਹੈ ਕਿਉਂਕਿ ਚਰਚ ਵਿਚ, ਅਸੀਂ ਸਹੀ ਉੱਤਰ ਦੇਣ ਵਿੱਚ ਮਾਹਿਰ ਹਾਂ। ਕਿਸੇ ਵੀ ਬੱਚੇ ਨੂੰ ਇਹ ਨਾ ਸੋਚਣ ਦਿਓ ਕਿ ਉਹ ਆਪਣੀ ਯਾਦਾਸ਼ਤ ਕਰਕੇ ਜਾਂ ਚਰਚ ਦੀ ਸਿਖਲਾਈ ਕਰਕੇ ਮੈਚ ਜਿੱਤਿਆ ਹੈ। ਉਹ ਟ੍ਰੇਨਿੰਗ ਹੀ ਹੈ ਜਿਸ ਕਰਕੇ ਉਹ ਜਿੱਤਦਾ ਹੈ। ਅਸਲੀ ਲੜਾਈ ਤਾਂ ਉਹਨਾਂ ਦੀ ਜ਼ਿੰਦਗੀ ਵਿੱਚ ਹੁੰਦੀ ਹੈ। ਜੇਕਰ ਉਹ ਹਰ ਹਫਤੇ ਕਲਾਸ ਵਿੱਚ ਅਭਿਆਸ ਕਰਨ ਤਾਂ ਉਹ ਮੈਚ ਜਿੱਤ ਸਕਦੇ ਹਨ।

ਇੱਕ ਕੋਚ ਹੋਣ ਦੇ ਨਾਤੇ ਤੁਹਾਡਾ ਆਖਰੀ ਕੰਮ ਉਹਨਾਂ ਨੂੰ ਇਨਾਮ ਦੇਣਾ ਅਤੇ ਉਹਨਾਂ ਦਾ ਹੌਂਸਲਾ ਵਧਾਉਣਾ ਹੁੰਦਾ ਹੈ ਜਦੋਂ ਉਹ ਸਫਲ ਹੋ ਜਾਣ। ਇਨਾਮ ਤਿਆਰ ਕਰਕੇ ਰੱਖੋ ਤਾਂ ਜੋ ਤੁਸੀਂ ਉਹਨਾਂ ਨੂੰ ਦੇ ਸਕੋ। ਉਹਨਾਂ ਨੂੰ ਹਰ ਰਾਉਂਡ ਦੇ ਮੁੱਕੇ ਅਤੇ ਮੈਚ ਜਿੱਤਣ ਲਈ ਜੱਫੀ ਪਾਓ ਅਤੇ ਹੌਂਸਲਾ ਵਧਾਓ। ਜਿਸ ਤਰ੍ਹਾਂ ਦਾ ਵਰਤਾਵ ਤੁਸੀਂ ਉਹਨਾਂ ਨਾਲ ਕਰੋਂਗੇ ਉਸ ਤਰ੍ਹਾਂ ਦਾ ਹੀ ਤੁਹਾਨੂੰ ਵਰਤਾਵ ਉਹਨਾਂ ਵੱਲੋਂ ਮਿਲੇਗਾ ਕਿਉਂਕਿ ਉਹ ਜਿੰਦ ਜਾਨ ਲਾ ਦਿੰਦੇ ਹਨ ਤੁਹਾਡੀ ਖੁਸ਼ੀ ਲਈ, ਆਪਣੇ ਕੋਚ ਦੀ ਖੁਸ਼ੀ ਲਈ।

ਅਸੀਂ ਕਾਮਨਾ ਕਰਦੇ ਹਾਂ ਕਿ ਇੱਕ ਕੋਚ ਦੀ ਵਰਦੀ ਵਿੱਚ ਰਹਿਕੇ, ਆਪਣੀ ਕਲਾਸ ਨੂੰ ਇੱਕ ਖੇਡ ਟ੍ਰੇਨਿੰਗ ਸੈਂਟਰ ਦੀ ਤਰ੍ਹਾਂ ਸਜਾਕੇ, ਅਤੇ ਸਨਮਾਨ ਸਮਾਰੋਹਾਂ ਵਿੱਚ ਮਜ਼ਾ ਲੈ ਕੇ ਤੁਹਾਡਾ ਸਮਾਂ ਵਧੀਆ ਹੋ ਸਕਦਾ ਹੈ। ਆਤਮਾ ਦੇ ਫਲ ਨੂੰ ਜਿਉਣ ਦੀ ਸਫਲਤਾ ਉਹਨਾਂ ਨੂੰ ਮਿਲੇਗੀ ਜੋ ਹਰ ਕਿਸੇ ਤੋਂ ਵੱਧ ਮਿਹਨਤ ਕਰਨ ਵਿੱਚ ਵਿਸ਼ਵਾਸ਼ ਰੱਖਦੇ ਹਨ। ਤੁਸੀਂ ਆਪਣੇ ਵਿਦਿਆਰਥੀਆਂ ਨੂੰ ਸਖਤ ਮਿਹਨਤ ਕਰਨ ਲਈ ਅਤੇ ਚੈਮਪੀਅਨ ਬਣਨ ਲਈ ਪ੍ਰੇਰਿਤ ਕਰ ਸਕਦੇ ਹੋ। ਬੱਸ ਉਹਨਾਂ ਵਿੱਚ ਵਿਸ਼ਵਾਸ ਰੱਖੋ ਜਿੱਥੇ ਉਹਨਾਂ ਤੇ ਹੋਰ ਕੋਈ ਵਿਸ਼ਵਾਸ ਨਹੀਂ ਕਰਦਾ ਅਤੇ ਦੇਖੋ ਕਿਵੇਂ ਭਗਵਾਨ ਉਹਨਾਂ ਦੀਆਂ ਜਿੰਦਗੀਆਂ ਵਿੱਚ ਚਮਤਕਾਰ ਕਰਦਾ ਹੈ!



ਆਸ ਕਰਦੇ ਹਾਂ ਕਿ ਪ੍ਰਮਾਤਮਾ ਤੁਹਾਨੂੰ ਪ੍ਰੇਰਿਤ ਕਰੇਗਾ, ਤਾਂ ਜੋ ਤੁਸੀਂ ਇਸ ਆਤਮਾ ਦੇ ਫਲ ਵਿੱਚ ਵਿਦਿਆਰਥੀਆਂ ਨੂੰ ਕੋਚਿੰਗ ਦੇਣ ਦੀ ਇਸ ਚੁਣੌਤੀ ਨੂੰ ਚੰਗੀ ਤਰ੍ਹਾਂ ਨਿਭਾ ਸਕੋ। ਅਸੀਂ ਤੁਹਾਨੂੰ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਸੰਡੇ ਸਕੂਲ ਦੇ ਟੀਚਰਾਂ ਦੇ ਉੱਪਰ ਦੀਆਂ ਸਾਰੀਆਂ ਸੀਮਾਵਾਂ ਨੂੰ ਤੋੜ ਦਿਓ ਅਤੇ ਆਪਣੇ ਵਿਦਿਆਰਥੀਆਂ ਦੀ ਜ਼ਿੰਦਗੀ ਦਾ ਇੱਕ ਅਸਲੀ ਕੋਚ ਬਣ ਜਾਓ।

ਮਸੀਹ ਵਿਚ, ਭੈਣ ਕ੍ਰਿਸਟੀਨਾ

## ਛੋਟੇ ਗਰੁੱਪ

3-7 ਬੱਚਿਆਂ ਦੇ ਛੋਟੇ-ਛੋਟੇ ਗਰੁੱਪ ਬਣਾਓ। ਹਰ ਛੋਟੇ ਗਰੁੱਪ ਦਾ ਇੱਕ ਕੋਚ ਹੋਣਾ ਚਾਹੀਦਾ ਹੈ। ਕੋਚ ਨੂੰ ਹਰ ਹਫਤੇ ਕਲਾਸ ਵਿੱਚ ਆਉਣ ਦੀ ਜਰੂਰਤ ਨਹੀਂ ਹੈ, ਪਰ ਕੋਚ ਨੂੰ ਹਰ ਹਫਤੇ ਵਿਦਿਆਰਥੀਆਂ ਜਾਂ ਐਥਲੀਟਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਆਪਣੇ ਮੁੱਖ ਲੀਡਰਾਂ ਵਿੱਚੋਂ ਇੱਕ ਨੂੰ ਕੋਚ ਬਣਾ ਦਿਓ ਅਤੇ ਉਹ ਹੈੱਡ ਕੋਚ ਬਾਕੀ ਕੋਚਾਂ ਨੂੰ ਸੰਭਾਲੇਗਾ ਅਤੇ ਪ੍ਰੇਰਿਤ ਕਰੇਗਾ।

ਆਪਣੀ ਕਲਾਸ ਨੂੰ ਛੋਟੇ-ਛੋਟੇ ਗਰੁੱਪਾਂ ਵਿੱਚ ਵੰਡ ਦਿਓ ਤਾਂ ਜੋ ਹਰ ਹਫਤੇ ਤੁਹਾਡੇ ਵਿਦਿਆਰਥੀ ਅਸਲ ਵਿੱਚ ਅਸਾਇਨਮੈਂਟ ਕਰ ਸਕਣ ਤੇ ਉਹਨਾਂ ਨੂੰ ਮਦਦ ਮਿਲ ਸਕੇ। ਜਿਆਦਾਤਰ ਸੰਡੇ ਸਕੂਲ ਦੇ ਪ੍ਰੋਗਰਾਮ ਚਰਚ ਵਿੱਚ ਹੁੰਦੇ ਹਨ, ਅਤੇ ਹਫਤੇ ਦੇ ਦੌਰਾਨ ਹੋਮਵਰਕ ਕਰਨ ਦੀ ਲੋੜ ਨਹੀਂ ਹੁੰਦੀ। ਪਰ, ਤੁਹਾਡੇ ਵਿਦਿਆਰਥੀ ਇਸਨੂੰ ਸਿੱਖਣ ਨਾਲ ਹੀ ਆਪਣੀ ਜਿੰਦਗੀ ਵਿੱਚੋਂ ਪਾਪ ਖਤਮ ਨਹੀਂ ਕਰ ਸਕਦੇ। ਉਹਨਾਂ ਨੂੰ ਅਸਲ ਵਿੱਚ ਮੈਦਾਨ ਵਿੱਚ ਉੱਤਰਨਾ ਪਵੇਗਾ ਅਤੇ ਹਫਤੇ ਦੇ ਦੌਰਾਨ ਆਉਣ ਵਾਲੇ ਅਸਲੀ ਪਾਪਾਂ ਨਾਲ ਲੜਨਾ ਪਵੇਗਾ। ਸੱਚ ਕਹਾਂ ਤਾਂ ਜੇਕਰ ਉਹਨਾਂ ਉੱਪਰ ਕੋਈ ਚੈਕਿੰਗ ਕਰਨ ਵਾਲਾ ਨਾ ਹੋਵੇ ਤਾਂ ਇਹ ਕਰਨਾ ਬਿਲਕੁਲ ਹੀ ਮੁਸ਼ਕਿਲ ਹੋ ਜਾਵੇਗਾ। ਕਿਰਪਾ ਕਰਕੇ ਉਹਨਾਂ ਦੇ ਮੂੰਹ ਵਿੱਚੋਂ ਨਿੱਕਲੇ ਸ਼ਬਦਾਂ ਤੇ ਵਿਸ਼ਵਾਸ ਨਾਂ ਕਰੋ ਅਤੇ ਜਦੋਂ ਵੀ ਵਿਦਿਆਰਥੀ ਕਹਿਣ ਕਿ ਉਹਨਾਂ ਨੇ ਅਸਾਇਨਮੈਂਟ ਕੀਤੀ ਹੈ ਉਸ ਸਮੇਂ ਉਹਨਾਂ ਤੇ ਵਿਸ਼ਵਾਸ ਨਾ ਕਰੋ। ਜੇਕਰ ਤੁਸੀਂ ਉਹਨਾਂ ਦੇ ਪ੍ਰੋਗਰਾਮ ਬਾਰੇ ਸੁਸਤ ਹੋ ਜਾਵੋਂਗੇ ਤਾਂ ਇਸਦਾ ਮਤਲਬ ਇਹ ਹੋਵੇਗਾ ਕਿ ਤੁਸੀਂ ਵਿਦਿਆਰਥੀਆਂ ਨੂੰ ਝੂਠ ਬੋਲਣ ਦੀ ਟ੍ਰੇਨਿੰਗ ਦੇ ਰਹੇ ਹੋ। ਤੁਸੀਂ ਅਸਲ ਵਿੱਚ ਇਹ ਸੋਚੋ ਕਿ ਤੁਸੀਂ ਵਿਦਿਆਰਥੀਆਂ ਨੂੰ ਕੋਚਿੰਗ ਦੇ ਸਕਦੇ ਹੋ, ਅਤੇ ਥੋੜੇ ਥੋੜੇ ਸਮੇਂ ਤੋਂ ਇਹ ਪਤਾ ਲਗਾ ਸਕਦੇ ਹੋ ਕਿ ਉਹ ਹੋਮਵਰਕ ਕਰ ਰਹੇ ਹਨ ਜਾਂ ਨਹੀਂ, ਤੁਸੀਂ ਉਹਨਾਂ ਦੀ ਜਿੰਦਗੀ ਵਿੱਚ ਅਸਲੀ ਬਦਲਾਅ ਦੇਖੋਗੇ। ਸਿਰਫ ਇੱਕ ਸਾਲ ਵਿੱਚ ਤੁਸੀਂ ਉਹਨਾਂ ਦੀਆਂ ਜਿੰਦਗੀਆਂ ਬਦਲ ਸਕਦੇ ਹੋ! ਤੁਹਡੇ ਵਿਦਿਆਰਥੀ ਨਾਂ ਕੇਵਲ ਆਤਮਾਂ ਦੇ ਫਲ ਨੂੰ ਯਾਦ ਕਰ ਰਹੇ ਹੋਣਗੇ, ਪਰ ਅਸਲ ਵਿੱਚ ਇਸਨੂੰ ਜਿਆਉਣਾ ਵੀ ਸਿੱਖ ਰਹੇ ਹੋਣਗੇ!

ਇਹਨਾਂ ਛੋਟੇ ਗਰੁੱਪਾਂ ਨੂੰ ਹੋਰ ਵੀ ਸੌਖਾ ਬਣਾਉਣ ਲਈ ਅਸੀਂ ਤੁਹਾਡੇ ਕੋਚਾਂ ਲਈ ਲਿਖੇ ਹੋਏ ਪਰਚੇ ਬਣਾਏ ਹਨ ਅਤੇ ਤੁਹਾਡੇ ਹੈੱਡ ਕੋਚ ਲਈ ਇੱਕ ਛੋਟੀ ਕਿਤਾਬ ਬਣਾਈ ਹੈ। ਜਿਹੜੇ ਕੋਚ ਦੇ ਲਿਖੇ ਹੋਏ ਪਰਚੇ ਹੋਣਗੇ ਉਹ ਹਰ ਮਹੀਨੇ ਲਈ ਹੋਣਗੇ ਅਤੇ ਹਰ ਆਤਮਾ ਦੇ ਫਲ ਲਈ ਹੋਣਗੇ। ਜਿਹੜਾ ਹੈੱਡ ਕੋਚ ਹੋਵੇਗਾ ਉਸਦੀ ਇੱਕ ਛੋਟੀ ਕਿਤਾਬ ਹੋਵੇਗੀ ਜਿਸਦੇ ਵਿੱਚ ਪੂਰੇ ਤਿੰਨ ਮਹੀਨੇ ਦੇ ਵਿੱਚ ਪੂਰੇ ਤਿੰਨ ਮਹੀਨੇ ਦੇ ਯੂਨਿਟ ਦੀਆਂ ਅਸਾਇਨਮੈਂਟਾਂ ਹੋਣਗੀਆਂ।




## ਕੋਚਾਂ ਦੀਆਂ ਜਿੰਮੇਦਾਰੀਆਂ

**ਕੋਚ:**

- 3-5 ਬੱਚਿਆਂ ਨੂੰ ਕੋਚਿੰਗ ਦਿਓ।
- ਹਰ ਹਫਤੇ ਕਲਾਸ ਸ਼ੁਰੂ ਹੋਣ ਤੋਂ 5 ਮਿੰਟ ਪਹਿਲਾਂ ਅਤੇ ਕਲਾਸ ਖਤਮ ਹੋਣ ਤੋਂ ਪੰਜ ਮਿੰਟ ਬਾਅਦ ਵਿਦਿਆਰਥੀਆਂ ਨੂੰ ਮਿਲੋ ਅਸਾਇਨਮੈਨਟਾ ਬਾਰੇ ਗੱਲ ਬਾਤ ਕਰਨ ਲਈ ਅਤੇ ਬੱਚਿਆਂ ਨੂੰ ਹੌਂਸਲਾ ਦੇਣ ਲਈ ਤਾਂ ਜੋ ਉਹਨਾਂ ਨੂੰ ਚੈਮਪੀਅਨ ਬਣਾਇਆ ਜਾ ਸਕੇ।
- ਬੱਚਿਆਂ ਨੂੰ ਉਹਨਾਂ ਦੀਆਂ ਅਸਾਇਨਮੈਂਟ ਯਾਦ ਕਰਾਉਣ ਲਈ ਫੋਨ ਜਾਂ ਮੈਸੇਜ ਕਰੋ। (ਸੁਝਾਅ= ਮੰਗਲਵਾਰ ਨੂੰ)
- ਪੂਰੀ ਕੀਤੀ ਅਸਾਇਨਮੈਂਟ ਬਾਰੇ ਪਤਾ ਕਰਨ ਲਈ ਹਫਤੇ ਵਿੱਚ ਦੂਜੀ ਵਾਰ ਬੱਚਿਆਂ ਨੂੰ ਫੋਨ ਜਾਂ ਮੈਸੇਜ ਕਰੋ। (ਸੁਝਾਅ= ਸ਼ੁੱਕਰਵਾਰ)
- ਛੋਟੇ ਗਰੁੱਪ ਦੇ ਬੱਚਿਆਂ ਦੁਆਰਾ ਪੂਰੀਆਂ ਕੀਤੀਆਂ ਅਸਾਇਨਮੈਂਟਾਂ ਦਾ ਹਿਸਾਬ ਕਿਤਾਬ ਰੱਖੋ ਅਤੇ ਹਰ ਹਫਤੇ ਹੈੱਡ ਕੋਚ ਨੂੰ ਰਿਪੋਰਟ ਦਿਓ।

**ਹੈੱਡ ਕੋਚ:**

- ਹਰ ਹਫਤੇ ਕਲਾਸ ਸ਼ੁਰੂ ਹੋਣ ਤੋਂ ਪੰਜ ਮਿੰਟ ਪਹਿਲਾਂ ਸਾਰੇ ਕੋਚਾਂ ਨੂੰ ਮਿਲੋ ਤਾਂ ਜੋ ਅਸਾਇਨਮੈਂਟ ਬਾਰੇ ਗੱਲ ਬਾਤ ਕੀਤੀ ਜਾ ਸਕੇ ਅਤੇ ਉਹਨਾਂ ਨੂੰ ਹੌਂਸਲਾ ਦਿੰਦੇ ਹੋਏ ਕਹੋ ਕਿ ਉਹ ਆਪਣੇ ਬੱਚਿਆਂ ਨੂੰ ਇਮਾਨਦਾਰੀ ਨਾਲ ਕੋਚਿੰਗ ਦੇਣ।
- ਅਸਾਇਨਮੈਂਟ ਬਾਰੇ ਯਾਦ ਕਰਾਉਣ ਲਈ ਹਰ ਹਫਤੇ ਕੋਚਾਂ ਨੂੰ ਮੈਸੇਜ ਕਰੋ ਜਾਂ ਫੋਨ ਕਰੋ। (ਸੁਝਾਅ= ਮੰਗਲਵਾਰ)
- ਹਫਤੇ ਵਿੱਚ ਦੂਜੀ ਵਾਰ ਪੂਰੀਆਂ ਕੀਤੀ ਗਈਆਂ ਅਸਾਇਨਮੈਂਟਾਂ ਦੀ ਰਿਪੋਰਟ ਲੈਣ ਲਈ ਕੋਚਾਂ ਨੂੰ ਫੋਨ ਕਰੋ ਜਾਂ ਮੈਸੇਜ ਕਰੋ। (ਸੁਝਾਅ= ਸ਼ੁੱਕਰਵਾਰ)
- ਸਾਰੇ ਵਿਦਿਆਰਥੀਆਂ ਦੀਆਂ ਪੂਰੀਆਂ ਕੀਤੀਆਂ ਅਸਾਇਨਮੈਂਟਾਂ ਦਾ ਹਿਸਾਬ ਕਿਤਾਬ ਰੱਖੋ।
- ਹਰ ਮਹੀਨੇ ਕੋਚਾਂ ਲਈ ਅਤੇ ਉਹਨਾਂ ਦੇ ਪਰਿਵਾਰਾਂ ਲਈ ਪ੍ਰੇਰਿਤ ਕਰਨ ਵਾਲੀਆਂ ਮੀਟਿੰਗਾ ਰੱਖੋ।



## ਭਰਤੀ ਕਰਨਾ

ਕਈ ਲੀਡਰਾਂ ਨੂੰ ਭਰਤੀ ਕਰਨਾ ਸੁਣਨ ਵਿੱਚ ਇੱਕ ਚੁਣੌਤੀ ਜਿਹੀ ਲੱਗਦੀ ਹੈ ਜਿਸ ਨਾਲ ਤੁਹਾਨੂੰ ਛੋਟੇ-ਛੋਟੇ ਗਰੁੱਪਾਂ ਲਈ ਕਾਫੀ ਕੋਚ ਮਿਲ ਜਾਂਦੇ ਹਨ। ਹਾਲਾਂਕਿ, ਇਹ ਇੰਨਾ ਔਖਾ ਨਹੀਂ ਹੋਣਾ ਚਾਹੀਦਾ। ਹੇਠਾਂ ਲਿਖੀਆਂ ਕੁਝ ਹਦਾਇਤਾਂ ਦੀ ਵਰਤੋਂ ਨਾਲ ਕੋਚ ਲੱਭਣੇ ਸੌਖੇ ਹੋ ਜਾਣਗੇ:

• ਕੋਚਾਂ ਨੂੰ ਕਹੋ ਕਿ ਉਹ ਸਿਰਫ ਇੱਕ ਮਹੀਨੇ ਦੀ ਡਿਊਟੀ ਕਰਨ ਹੀ ਆਉਣ। ਹਰ ਮਹੀਨੇ ਵਿੱਚ ਆਤਮਾਂ ਦਾ ਇੱਕ ਫਲ ਕਵਰ ਹੋ ਜਾਵੇਗਾ। ਜਦੋਂ ਅਸੀਂ ਕਿਸੇ ਵੀ ਵੱਡੇ ਬੰਦੇ ਨੂੰ ਵਾਅਦਾ ਕਰਨ ਲਈ ਕਹਿ ਦਿੰਦੇ ਹਾਂ ਤਾਂ ਜੇਕਰ ਤੁਸੀਂ ਇੱਕ ਮਹੀਨੇ ਲਈ ਪੁੱਛਦੇ ਹੋ ਤਾਂ ਕਈ ਲੋਕ ਕੋਚ ਬਣਨ ਲਈ ਤਿਆਰ ਹੋ ਜਾਣਗੇ। ਪਹਿਲੇ ਮਹੀਨੇ ਤੋਂ ਬਾਅਦ ਜੇਕਰ ਤੁਸੀਂ ਇਸਨੂੰ ਸੌਖਾ ਅਤੇ ਮਜ਼ੇਦਾਰ ਬਣਾਓਗੇ ਤਾਂ ਉਹ ਅਗਲੀ ਵਾਰ ਵੀ ਕੋਚ ਬਣਨ ਲਈ ਤਿਆਰ ਹੋ ਜਾਣਗੇ!


• ਰੋਜ਼ ਦੀ ਤਰ੍ਹਾਂ ਹੀ ਕੋਚਾਂ ਨੂੰ ਚਰਚ ਆਉਣ ਦੀ ਆਗਿਆ ਦਿਓ ਪਰ ਆਪਣੇ ਵਿਦਿਆਰਥੀਆਂ ਨੂੰ ਮਿਲਣ ਲਈ ਉਹਨਾਂ ਨੂੰ 10 ਮਿੰਟ ਪਹਿਲਾਂ ਚਰਚ ਵਿੱਚ ਪਹੁੰਚਣਾ ਹੋਵੇਗਾ। ਤੁਹਾਡੇ ਕੋਚ ਇੱਕ ਮਹੀਨੇ ਦੌਰਾਨ ਇੱਕ ਵਾਰ ਹੀ ਸੰਡੇ ਸਕੂਲ ਦੀ ਕਲਾਸ ਲਾ ਪਾਉਣਗੇ, ਅਤੇ ਬਾਕੀ ਹਫਤੇ ਵੱਡਿਆਂ ਨਾਲ ਹੀ ਚਰਚ ਜਾ ਪਾਉਣਗੇ।

• ਵਿਦਿਆਰਥੀਆਂ ਨੂੰ ਫੋਨ ਕਰਨ ਦੀ ਜਗ੍ਹਾ ਮੈਸੇਜ ਕਰੋ। ਆਪਣੇ ਕੋਚਾਂ ਦੀ ਮਦਦ ਕਰੋ ਤਾਂ ਕਿ ਉਹ ਆਸਾਨੀ ਨਾਲ ਹਰ ਮਹੀਨੇ ਮੈਸੇਜ ਭੇਜ ਸਕਣ, ਤਾਂ ਜੋ ਉਹ ਆਸਾਨੀ ਨਾਲ ਆਪਣੇ ਵਿਦਿਆਰਥੀਆਂ ਦੇ ਸੰਪਰਕ ਵਿੱਚ ਰਹਿ ਸਕਣ। ਇਹ ਨਾਂ ਭੁੱਲੋ ਕਿ ਤੁਸੀਂ ਫੋਨ ਕਰਨ ਦੀ ਜਗ੍ਹਾ ਫੇਸਬੁਕ, ਟਵਿਟਰ, ਵਟਸਐਪ ਦੀ ਵਰਤੋਂ ਵੀ ਕਰ ਸਕਦੇ ਹੋ।

• ਕੋਚਾਂ ਲਈ ਚਰਚ ਵਿੱਚ ਕੁਝ ਚੀਜ਼ਾਂ ਰੱਖਣ ਲਈ ਇੱਕ ਜਗ੍ਹਾ ਬਣਾਓ। ਤੁਹਾਡੇ ਕੋਚ ਖੇਡਾਂ ਵਾਲੀਆਂ ਟੋਪੀਆਂ ਪਹਿਨ ਸਕਦੇ ਹਨ ਜਾਂ ਸੀਟੀਆਂ ਰੱਖ ਸਕਦੇ ਹਨ ਤੇ ਪਾਣੀ ਵਾਲੀਆਂ ਬੋਤਲਾਂ ਰੱਖ ਸਕਦੇ ਹਨ। ਹਰ ਹਫਤੇ ਇਹਨਾਂ ਚੀਜ਼ਾਂ ਨੂੰ ਲਿਆਉਣ ਦੀ ਬਜਾਏ ਉਹਨਾਂ ਨੂੰ ਆਗਿਆ ਦਿਓ ਕਿ ਉਹ ਇਹਨਾਂ ਚੀਜ਼ਾਂ ਨੂੰ ਚਰਚ ਵਿੱਚ ਹੀ ਰੱਖ ਲੈਣ। ਇਸ ਤਰੀਕੇ ਨਾਲ ਤੁਹਾਡੇ ਕੋਚ ਰੋਜ਼ਾਨਾ ਪਾਉਣ ਵਾਲੇ ਕੱਪੜੇ ਪਾ ਕੇ ਆ ਸਕਣਗੇ ਅਤੇ ਕੁਝ ਕੁ ਖੇਡ ਵਾਲੀਆਂ ਚੀਜ਼ਾਂ ਪਹਿਨ ਕੇ ਕੋਚ ਵਾਂਗ ਦਿਖ ਸਕਣਗੇ।

• ਹਰ ਮਹੀਨੇ ਹੋਣ ਵਾਲੀਆਂ ਕੋਚਾਂ ਦੀਆਂ ਮੀਟਿੰਗਾਂ ਨੂੰ ਜਿਆਦਾ ਤੋਂ ਜਿਆਦਾ ਪ੍ਰੇਰਿਤ ਬਣਾਓ, ਤਾਂ ਜੋ ਉਹਨਾਂ ਦਾ ਪ੍ਰੋਗਰਾਮ ਵਿੱਚ ਹਿੱਸਾ ਲੈਣ ਨੂੰ ਦਿਲ ਕਰਦਾ ਰਹੇ ਜਿਵੇਂ-ਜਿਵੇਂ ਸਾਲ ਅੱਗੇ ਵਧਦਾ ਹੈ।

• ਜੇਕਰ ਜਰੂਰਤ ਪਵੇ ਤਾਂ ਵੱਡੇ ਗਰੁੱਪਾਂ ਨੂੰ ਵੀ ਆਗਿਆ ਦਿਓ। (ਫੇਸਬੁਕ ਦੀਆਂ ਗਰੁੱਪ ਸੂਚਨਾਵਾਂ ਦੀ ਮਦਦ ਨਾਲ, 10 ਵਿਦਿਆਥੀਆਂ ਨੂੰ ਕੋਚਿੰਗ ਦੇਣਾ ਕਿਸੇ ਦੇ ਲਈ ਵੀ ਇੰਨਾਂ ਔਖਾ ਨਹੀਂ ਹੋਵੇਗਾ।)



## ਪ੍ਰੇਰਨਾਦਾਇਕ ਮੀਟਿੰਗਾਂ

ਹੈੱਡ ਕੋਚ ਦਾ ਮੁੱਖ ਕੰਮ ਬਾਕੀ ਕੋਚਾਂ ਨੂੰ ਪ੍ਰੇਰਿਤ ਕਰੀ ਰੱਖਣਾ ਹੁੰਦਾ ਹੈ। ਇਹ ਕਰਨ ਦਾ ਸਬਤੋਂ ਜਰੂਰੀ ਰਸਤਾ ਇਹ ਹੈ ਕਿ ਤੁਸੀਂ ਹਰ ਮਹੀਨੇ ਪ੍ਰੇਰਨਾਦਾਇਕ ਮੀਟਿੰਗਾਂ ਰੱਖੋ। ਤੁਸੀਂ ਖਾਣੇ ਦਾ ਪ੍ਰਬੰਧ ਕਰਵਾ ਸਕਦੇ ਹੋ, ਇੱਕਠੇ ਬਹਿ ਕੇ ਪ੍ਰਾਰਥਨਾ ਕਰ ਸਕਦੇ ਹੋ, ਖੇਡਾਂ ਦਾ ਡਾਟਾ ਦੇਖ ਸਕਦੇ ਹੋ ਅਤੇ ਇਹ ਵੀ ਦੇਖ ਸਕਦੇ ਹੋ ਕਿ ਇਸਦਾ ਕ੍ਰਿਸ਼ਚਨ ਜਿੰਦਗੀਆਂ ਤੇ ਕੀ ਅਸਰ ਪੈਂਦਾ ਹੈ। ਇਸਦੇ ਇਲਾਵਾ, ਤੁਸੀਂ ਓਲੰਪਿਕ ਐਥਲੀਟ ਦੇਖ ਸਕਦੇ ਹੋ ਜਾਂ ਫਿਰ ਇਕੱਠੇ ਬਹਿ ਕੇ ਪੌਪਕੌਣ ਅਤੇ ਹੋਰ ਸਵਾਦਿਸ਼ਟ ਭੋਜਨ ਦਾ ਆਨੰਦ ਲੈਂਦੇ ਹੋਏ ਪ੍ਰੇਰਿਤ ਕਰਨ ਵਾਲੀ ਸਪੋਰਟਸ ਫਿਲਮਾਂ ਦੇਖ ਸਕਦੇ ਹੋ। ਇਹ ਵਿਚਾਰ ਆਪਣੇ ਕੋਚਾਂ ਨਾਲ ਸਾਂਝਾ ਕਰੋ ਕਿ ਜੇਕਰ ਐਥਲੀਟਾਂ ਲਈ ਮਿਹਨਤ ਕਰਨਾ ਫਾਇਦੇਮੰਦ ਸੀ, ਫਿਰ ਇਹ ਨਹੀਂ ਲਗਦਾ ਕਿ ਆਪਣੇ ਲਈ ਇਹ ਹੋਰ ਵੀ ਲਾਭਦਾਇਕ ਹੋਵੇਗਾ ਜੇਕਰ ਅਸੀਂ ਆਤਮਿਕ ਅਤੇ ਸਦਾ ਮਿਲਣ ਵਾਲੇ ਲਾਭ ਲਈ ਕੰਮ ਕਰੀਏ?



## ਸਨਮਾਨ ਸਮਾਰੋਹ

ਇੱਕ ਕੋਚ ਹੋਣ ਦਾ ਸਭ ਤੋਂ ਮਹਤਵਪੂਰਣ ਹਿੱਸਾ ਇਹ ਹੁੰਦਾ ਹੈ ਕਿ ਅਸੀਂ ਆਪਣੇ ਵਿਦਿਆਰਥੀਆਂ ਨੂੰ ਵਿਜੇਤਾ ਵਾਂਗ ਮਹਿਸੂਸ ਕਰਾਈਏ। ਇਸਦਾ ਮਤਲਬ ਇਹ ਹੋਇਆ ਕਿ ਤੁਸੀਂ ਉਹਨਾਂ ਨੂੰ ਇਹ ਦੱਸੋ ਕਿ ਤੁਸੀਂ ਕਿਹੋ ਜਿਹਾ ਵਿਵਹਾਰ ਲੱਭ ਰਹੇ ਹੋ, ਅਤੇ ਤੁਸੀਂ ਉਸ ਵਿਵਹਾਰ ਨੂੰ ਇਨਾਮ ਦਿਓ। ਅਸੀਂ ਤੁਹਾਨੂੰ ਇਹ ਸਲਾਹ ਦਿੰਦੇ ਹਾਂ ਕਿ ਤੁਸੀਂ ਉਹਨਾਂ ਵਿਦਿਆਰਥੀਆਂ ਨੂੰ ਉਦੋਂ ਇਨਾਮ ਦਿਓ ਜਦੋਂ ਉਹਨਾਂ ਨੇ ਆਪਣਾ ਹੋਮਵਰਕ ਪੂਰਾ ਕਰ ਲਿਆ ਹੋਵੇ, ਅਤੇ ਨਾਲ ਹੀ ਹਫਤੇ ਦੇ ਦੌਰਾਨ ਆਪਣੇ ਹੋਮਵਰਕ ਦੇ ਪਾਠ ਨੂੰ ਆਪਣੀ ਜਿੰਦਗੀ ਵਿੱਚ ਵੀ ਉਤਾਰਿਆ ਹੋਵੇ। ਹਾਜ਼ਰੀ ਅਤੇ ਯਾਦਾਸ਼ਤ ਟ੍ਰੇਨਿੰਗ ਦਾ ਹਿੱਸਾ ਹਨ ਅਤੇ ਹਫਤੇ ਦੇ ਦੌਰਾਨ ਅਸਾਇਨਮੈਂਟ ਕਰਨਾ ਅਸਲ ਵਿੱਚ ਇੱਕ ਮੁਕਾਬਲਾ ਹੈ। ਆਪਣੇ ਵਿਦਿਆਰਥੀਆਂ ਨੂੰ ਹੌਂਸਲਾ ਦਿਓ ਕਿ ਜੇਕਰ ਉਹ ਜਿੱਤਣਾ ਚਾਹੁੰਦੇ ਹਨ ਤਾਂ ਟ੍ਰੇਨਿੰਗ ਬਹੁਤ ਹੀ ਜਰੂਰੀ ਹੈ। ਹਾਲਾਂਕਿ, ਸੰਸਾਰ ਦਾ ਅਸਲੀ ਮੁਕਾਬਲਾ ਉਹ ਹੁੰਦਾ ਹੈ ਜਿੱਥੇ ਉਹ ਅਸਲ ਵਿੱਚ ਜਿੱਤਦੇ ਹਨ।

ਸਾਡਾ ਇੱਕ ਵਿਚਾਰ ਇਹ ਹੈ ਕਿ ਮਹੀਨੇ ਦੇ ਅੰਤ ਵਿੱਚ ਇੱਕ ਸਨਮਾਨ ਸਮਾਰੋਹ ਕਰਵਾਇਆ ਜਾਵੇ, ਉਹ ਵੀ ਜਦੋਂ ਤੁਸੀਂ ਆਤਮਾ ਦਾ ਹਰ ਫਲ ਪੜ੍ਹ ਲਿਆ ਹੋਵੇ। ਉਦਾਹਰਨ ਦੇ ਤੌਰ ਤੇ ਪਿਆਰ ਨੂੰ ਪੜ੍ਹਨ ਲਈ ਪੰਜ ਹਫਤਿਆਂ ਦਾ ਅਧਿਐਨ ਕਰਨਾ ਪੈਂਦਾ ਹੈ। ਉਹ ਵਿਦਿਆਰਥੀ ਜਿਹਨਾਂ ਨੇ ਘੱਟੋ-ਘੱਟ ਤਿੰਨ ਹਫਤੇ ਅਸਾਇਨਮੈਂਟ ਕੀਤੀ ਹੋਵੇ ਉਹ ਵਿਦਿਆਰਥੀ ਬਰੋਂਜ਼ ਮੈਡਲ ਜਿੱਤ ਸਕਦੇ ਹਨ, ਜਿਹਨਾਂ ਨੇ ਚਾਰ ਹਫਤੇ ਇਹ ਕੀਤਾ ਹੋਵੇ ਉਹਨਾਂ ਨੂੰ ਸਿਲਵਰ ਮੈਡਲ ਮਿਲ ਸਕਦਾ ਹੈ, ਅਤੇ ਜਿਹਨਾਂ ਨੇ ਪੰਜ ਦੇ ਪੰਜ ਹਫਤੇ ਕੀਤਾ ਹੋਵੇ ਉਹਨਾਂ ਨੂੰ ਗੋਲਡ ਮੈਡਲ ਮਿਲ ਸਕਦਾ

ਹੈ। ਤੁਸੀਂ ਆਪਣੇ ਹਿਸਾਬ ਨਾਲ ਸੈੱਟ ਕਰ ਸਕਦੇ ਹੋ ਕਿ ਤੁਹਾਡੇ ਵਿਦਿਆਰਥੀਆਂ ਨੂੰ ਪਹਿਲੇ ਮਹੀਨੇ ਤੋਂ ਬਾਅਦ ਮੈਡਲ ਕਿਵੇਂ ਮਿਲਣਗੇ, ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕਿ ਕੁਝ ਪਿੰਡਾ ਜਾਂ ਸ਼ਹਿਰਾਂ ਦੇ ਖੇਤਰਾਂ ਵਾਲਿਆਂ ਨੂੰ ਵੱਧ ਚੁਣੌਤੀ ਭਰੀਆਂ ਅਸਾਇਨਮੈਂਟਾਂ ਦੀ ਲੋੜ ਹੋਵੇਗੀ ਜਦੋਂ ਕਿ ਬਾਕੀਆਂ ਨੂੰ ਉਸਤੋਂ ਘੱਟ ਚੁਣੌਤੀ ਵਾਲੀਆਂ ਦੀ ਲੋੜ ਹੋਵੇਗੀ। ਕੁਝ ਖੇਤਰ ਬਹੁਤ ਹੀ ਪ੍ਰਚਾਰਕ ਹੋਣਗੇ, ਅਤੇ ਤੁਹਾਨੂੰ ਸੌਖੀਆਂ ਅਸਾਇਨਮੈਂਟਾਂ ਦੀ ਲੋੜ ਪਵੇਗੀ ਤਾਂ ਜੋ ਉਹ ਉਤਸ਼ਾਹਿਤ ਰਹਿਣ ਅਤੇ ਤੁਹਾਡੀ ਕਲਾਸ ਵਿੱਚ ਕੰਮ ਕਰਨਾ ਜਾਰੀ ਰੱਖ ਸਕਣ।

ਸਾਲ ਦੇ ਅੰਤ ਵਿੱਚ, ਜਿਹਨਾਂ ਵਿਦਿਆਰਥੀਆਂ ਨੇ ਸਾਲ ਦੌਰਾਨ ਜਿਆਦਾ ਤੋਂ ਜਿਆਦਾ ਇਨਾਮ ਜਿੱਤੇ ਹਨ ਉਹਨਾਂ ਲਈ ਇੱਕ ਵੱਡਾ ਇਨਾਮ ਰੱਖੋ। ਇਹ ਟ੍ਰੌਫੀ ਜਾਂ ਇੱਕ ਵਧੀਆ ਜਿਹਾ ਮੈਡਲ ਹੋ ਸਕਦਾ ਹੈ। ਇਹਨਾਂ ਇਨਾਮਾਂ ਨੂੰ ਹੋਰ ਵੀ ਖਾਸ ਬਣਾਉਣ ਲਈ ਚਰਚ ਵਿੱਚ ਸਭ ਵੱਡਿਆਂ ਦੇ ਸਾਹਮਣੇ ਸਟੇਜ ਦੇ ਉੱਪਰ ਖੜਾ ਕੇ  ਵਿਦਿਆਰਥੀਆਂ ਨੂੰ ਇਨਾਮ ਵੰਡੋ!



## ਹੋਮਵਰਕ (ਮੈਦਾਨ ਵਿੱਚ)

ਪਿਛਲੇ ਹਫਤੇ ਦੇ ਹੋਮਵਰਕ ਬਾਰੇ ਚਰਚਾ ਕਰੋ, ਅਤੇ ਆਪਣੇ ਵਿਦਿਆਰਥੀਆਂ ਨੂੰ ਆਉਣ ਵਾਲੇ ਹਫਤੇ ਦਾ ਹੋਮਵਰਕ ਦਿਓ। ਇਹ ਹੋਮਵਰਕ ਵਿਦਿਆਰਥੀਆਂ ਦੀਆਂ ਕਿਤਾਬਾਂ ਵਿੱਚ ਹੋਵੇਗਾ, ਅਤੇ ਮੈਚ ਕਾਰਡ ਦੇ ਉੱਪਰ ਹੋਵੇਗਾ। ਆਪਣੇ ਵਿਦਿਆਰਥੀਆਂ ਨੂੰ ਵਾਰ-ਵਾਰ ਦੱਸ ਦੇ ਰਹੋ ਕਿ ਚੈਮਪੀਅਨ ਸਿਰਫ ਉਹ ਹੀ ਬਣੇਗਾ ਜੋ ਹੋਮਵਰਕ ਕਰੇਗਾ। ਆਪਣੇ ਵਿੱਚੋਂ ਕੋਈ ਵੀ ਅਜਿਹਾ ਵਿਦਿਆਰਥੀ ਚੈਮਪੀਅਨ ਨਹੀਂ ਬਣੇਗਾ ਜਿਹੜਾ ਸਿਰਫ ਚਰਚ ਜਾਂਦਾ ਰਹੇ ਜਾਂ ਬਾਈਬਲ ਦੁਹਰਾਉਂਦਾ ਰਹੇ ਸਗੋਂ ਜਿਹੜਾ ਇਸ ਨੂੰ ਦਿਲੋਂ ਅਪਣਾਵੇਗਾ ਉਹ ਹੀ ਚੈਮਪੀਅਨ ਬਣੇਗਾ। ਅਸੀਂ ਤੁਹਾਨੂੰ ਇਹ ਸਲਾਹ ਦਿੰਦੇ ਹਾਂ ਕਿ ਤੁਸੀਂ ਛੋਟੇ ਛੋਟੇ ਗਰੁੱਪ ਬਣਾਓ ਜਿਹਨਾਂ ਦਾ ਇੱਕ-ਇੱਕ ਕੋਚ ਹੋਵੇ ਤਾਂਕਿ ਵਿਦਿਆਰਥੀਆਂ ਨੂੰ ਹੋਮਵਰਕ ਕਰਨ ਵਿੱਚ ਆਸਾਨੀ ਹੋ ਸਕੇ। (ਹੋਰ ਪੜ੍ਹਨ ਲਈ ਛੋਟੇ ਗਰੁੱਪਾਂ ਦੇ ਸੈਕਸ਼ਨ ਦੇਖੋ।)

ਇਹ ਤਾਂ ਸਪਸ਼ਟ ਜਿਹੀ ਗੱਲ ਹੈ ਕਿ ਇੱਕ ਹਫਤੇ ਵਿੱਚ ਇੱਕ ਵਾਰ ਹੋਮਵਰਕ ਕਰਨ ਨਾਲ ਉਹ ਪਾਪ "ਖਤਮ ਨਹੀਂ ਹੋ ਜਾਵੇਗਾ", ਜਿਵੇਂ ਕਿ ਇੱਕ ਮੁੱਕਾ ਮਾਰਨ ਨਾਲ ਸਾਹਮਣੇ ਵਾਲਾ ਵਿਰੋਧੀ ਡਿੱਗ ਨਹੀਂ ਜਾਵੇਗਾ। ਇਸੇ ਤਰ੍ਹਾਂ ਹੀ ਇਹ ਗੱਲ ਵਿਦਿਆਰਥੀਆਂ ਨੂੰ ਇਹ ਦਿਖਾਉਂਦੀ ਹੈ ਕਿ ਜੇਕਰ ਉਹ ਚੈਮਪੀਅਨ ਬਣਨਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਇੱਕ ਹਫਤੇ ਦੇ ਦੌਰਾਨ "ਕਈ ਮੁੱਕੇ ਮਾਰਨੇ ਪੈਣਗੇ"। ਕੀ ਤੁਹਾਡੇ ਕੋਚ ਇਹ ਧਿਆਨ ਰੱਖਦੇ ਹਨ ਕਿ ਇੱਕ ਹਫਤੇ ਦੌਰਾਨ ਵਿਦਿਆਰਥੀਆਂ ਨੇ ਕਿੰਨੇ ਮੁੱਕੇ ਸਹੀ ਮਾਰੇ ਅਤੇ ਕੀ ਤੁਹਾਡੇ ਕੋਚ ਮੁਕਾਬਲੇ ਦੀ ਹੋਰ ਹੌਂਸਲਾ ਅਫਜ਼ਾਈ ਕਰਦੇ ਹਨ। ਹਰ "ਮੁੱਕਾ" ਇੱਕ ਮਿਸਾਲ ਵਾਂਗ ਹੁੰਦਾ ਹੈ ਜਿੱਥੇ ਉਹਨਾਂ ਨੇ ਇੱਕ ਹਫਤੇ ਦੌਰਾਨ ਆਪਣਾ ਹੋਮਵਰਕ ਕੀਤਾ ਹੁੰਦਾ ਹੈ। ਮੁੱਕਿਆਂ ਨੂੰ ਹੋਰ ਮਜ਼ੇਦਾਰ ਬਣਾਉਣ ਲਈ, ਇਹਨਾਂ ਚਾਰ ਕਿਸਮ ਦੇ ਮੁੱਕਿਆਂ ਦੀ ਵਰਤੋਂ ਕਰੋ: ਜਬ, ਹੁੱਕ, ਕ੍ਰੌਸ ਅਤੇ ਅੱਪਰਕੱਟ।

### ਮੈਚ ਕਾਰਡ

ਹਾਜ਼ਰੀ ਇਨਾਮ ਵੰਡ ਦਿਓ, ਇਹ ਇੱਕ ਕਾਰਡ ਹੈ ਜਿਸਦੇ ਉੱਪਰ ਹਫਤੇ ਦੀ ਮੈਚ ਲੜਾਈ ਹੁੰਦੀ ਹੈ। ਆਪਣੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰੋ ਕਿ ਉਹ ਸਾਰਾ ਸਾਲ ਹਾਜ਼ਰੀ ਦੇਣ, ਅਤੇ ਸਾਰੇ ਕਾਰਡ ਇਕੱਠੇ ਕਰਨ! ਇਹ ਕਾਰਡ ਡਾਉਨਲੋਡ ਕਰਨ ਲਈ ਉਪਲਬਧ ਹੁੰਦੇ ਹਨ ਅਤੇ ਆਰਥਿਕ ਤੌਰ ਤੇ ਪ੍ਰਿੰਟ ਕਰਨ ਲਈ ਵੀ ਉਪਲਬਧ ਹੁੰਦੇ ਹਨ। ਅਸਾਇਨਮੈਂਟ ਨੂੰ ਹਰ ਪਾਪ ਨਾਲ ਮਿਲਾਉਂਦੇ ਹੋਏ ਤੁਸੀਂ ਇਹਨਾਂ ਕਾਰਡਾਂ ਦੀ ਵਰਤੋਂ ਦਿਮਾਗੀ ਖੇਡ ਖੇਡਣ ਲਈ ਵੀ ਕਰ ਸਕਦੇ ਹੋ।

# ਪਿਆਰ

| | | |
|---|---|---|
| ਪਿਆਰ ਜਾਂ ਸਵਾਰਥ<br>ਬਾਈਬਲ ਦੀ ਕਹਾਣੀ: ਈਸਾ ਮਸੀਹ ਕਰਾਸ ਉੱਪਰ ਸ਼ਹੀਦ ਹੋ ਜਾਂਦਾ ਹੈ<br>ਮੈਥਿਯੁ 27:27-56 | ਦਿਮਾਗੀ ਤੁਕ<br>"ਇਸ ਤੋਂ ਅਸਾਂ ਪ੍ਰੇਮ ਨੂੰ ਜਾਤਾ ਭਈ ਉਹ ਨੇ ਸਾਡੇ ਲਈ ਆਪਣੀ ਜਾਨ ਦੇ ਦਿੱਤੀ ਅਤੇ ਚਾਹੀਦਾ ਹੈ ਜੋ ਅਸੀਂ ਭਰਾਵਾਂ ਲਈ ਆਪਣੀਆਂ ਜਾਨਾਂ ਦੇਈਏ" ੧ ਯੂਹੰਨਾ 3:16 | ਮੈਦਾਨ ਵਿੱਚ<br>ਅਜਿਹੀ ਖੇਡ ਖੇਡੋ ਜਿਸਨੂੰ ਤੁਹਾਡੇ ਦੋਸਤ ਖੇਡਣਾ ਚਾਹੁੰਦੇ ਹਨ, ਉਸ ਸਮੇਂ ਖੇਡੋ ਜਿਸ ਸਮੇਂ ਉਹ ਖੇਡਣਾ ਚਾਹੁੰਦੇ ਹਨ, (ਜੇਕਰ ਤੁਹਾਡੇ ਕੋਲ ਉਸ ਸਮੇਂ ਖੇਡਣ ਦੀ ਆਗਿਆ ਹੋਵੇ) ਅਤੇ ਉੰਨੇ ਸਮੇਂ ਤੱਕ ਖੇਡੋ ਜਦੋਂ ਤੱਕ ਉਹ ਖੇਡਣਾ ਚਾਹੁੰਦੇ ਹਨ। ਉਹਨਾਂ ਨੂੰ ਕਦੇ ਇਹ ਨਾ ਦੱਸੋ ਕਿ ਤੁਹਾਡੀ ਕੀ ਖੇਡਣ ਦੀ ਇੱਛਾ ਹੈ। ਇਸ ਸਮੇਂ, ਤੁਹਾਡੀਆਂ ਇੱਛਾਵਾਂ ਮਾਇਨੇ ਨਹੀਂ ਰੱਖਦੀਆਂ, ਕਿਉਂਕਿ ਤੁਸੀਂ ਆਪਣੀ ਪਰਵਾਹ ਨਾ ਕਰਦੇ ਹੋਏ ਅਸਲੀ ਪਿਆਰ ਦਿਖਾ ਰਹੇ ਹੋ। |
| ਪਿਆਰ ਜਾਂ ਸਵਾਰਥ<br>ਬਾਈਬਲ ਸਟੋਰੀ: ਧੂੜ ਦਾ ਕਣ ਅਤੇ ਲੱਕੜ<br>ਮੈਥਿਊ 7:1-5 | ਦਿਮਾਗੀ ਤੁਕ<br>"ਦੋਸ਼ ਨਾ ਲਾਓ ਤਾਂ ਜੋ ਤੁਹਾਡੇ ਉੱਤੇ ਦੋਸ਼ ਲਾਇਆ ਨਾ ਜਾਵੇ ਕਿਉਂਕਿ ਜਿਸ ਨਿਆਉਂ ਨਾਲ ਤੁਸੀਂ ਦੋਸ਼ ਲਾਉਂਦੇ ਹੋ ਉਸੇ ਨਾਲ ਤੁਹਾਡੇ ਉੱਤੇ ਵੀ ਦੋਸ਼ ਲਾਇਆ ਜਾਵੇਗਾ ਅਤੇ ਜਿਸ ਮੇਪ ਨਾਲ ਤੁਸੀਂ ਮਿਣਦੇ ਹੋ ਉਸ ਨਾਲ ਤੁਹਾਡੇ ਲਈ ਮਿਣਿਆ ਜਾਵੇਗਾ" ਮੱਤੀ 7:1-2 | ਮੈਦਾਨ ਵਿੱਚ<br>ਕਿਸੇ ਨੂੰ ਕਹੋ ਕਿ ਤੁਸੀਂ ਵਧੀਆ ਕੰਮ ਕੀਤਾ ਅਤੇ ਜਦੋਂ ਤੁਸੀਂ ਉਹਨਾਂ ਦਾ ਕੋਈ ਚੰਗਾ ਕੰਮ ਦੇਖੋ ਤਾਂ ਉਹਨਾਂ ਦੀ ਤਾਰੀਫ ਕਰੋ। ਸਾਰਾ ਦਿਨ ਤੁਸੀਂ ਆਪਣੀ ਜੇਬ ਵਿੱਚ ਛੋਟਾ ਜਿਹਾ ਸ਼ੀਸ਼ਾ ਪਾ ਕੇ ਰੱਖੋ। ਜਦੋਂ ਤੁਸੀਂ ਕਿਸੇ ਨੂੰ ਪਰਖਣ ਲਈ ਮਜਬੂਰ ਹੋ ਜਾਵੋ, ਅਤੇ ਆਪਣੀ ਜੇਬ ਵਿਚੋਂ ਉਹ ਸ਼ੀਸ਼ਾ ਕੱਡੋ ਅਤੇ ਆਪਣਾ ਚਿਹਰਾ ਦੇਖੋ। ਆਪਣੇ ਆਪ ਨੂੰ ਯਾਦ ਕਰਵਾਓ ਕਿ ਤੁਸੀਂ ਉਹਨਾਂ ਦੀਆਂ ਗਲਤੀਆਂ ਠੀਕ ਕਰਨ ਲਈ ਉਹਨਾਂ ਦੀ ਮਦਦ ਕਰਨ ਲਈ ਨਹੀਂ ਕਹਿਣਾ। |
| ਪਿਆਰ ਜਾਂ ਸਵਾਰਥ<br>ਬਾਈਬਲ ਕਹਾਣੀ: ਯਹੂਦਾ ਈਸਾ ਮਸੀਹ ਨੂੰ ਧੋਖਾ ਦਿੰਦਾ ਹੈ<br>ਮੈਥਿਊ 26:14-16 | ਦਿਮਾਗੀ ਤੁਕ<br>"ਜੇ ਕੋਈ ਆਖੇ ਭਈ ਮੈਂ ਪਰਮੇਸ਼ੁਰ ਨਾਲ ਪ੍ਰੇਮ ਰੱਖਦਾ ਹਾਂ ਅਤੇ ਆਪਣੇ ਭਰਾ ਨਾਲ ਵੈਰ ਰੱਖੇ ਤਾਂ ਉਹ ਝੂਠਾ ਹੈ ਕਿਉਂਕਿ ਜਿਹੜਾ ਆਪਣੇ ਭਰਾ ਨਾਲ ਜਿਸ ਨੂੰ ਉਹ ਨੇ ਵੇਖਿਆ ਹੈ ਪ੍ਰੇਮ ਨਹੀਂ ਰੱਖਦਾ ਉਹ ਪਰਮੇਸ਼ੁਰ ਨਾਲ ਜਿਸ ਨੂੰ ਉਹ ਨੇ ਨਹੀਂ ਵੇਖਿਆ ਪ੍ਰੇਮ ਰੱਖ ਹੀ ਨਹੀਂ ਸੱਕਦਾ" ੧ ਯੂਹੰਨਾ 4:20 | ਮੈਦਾਨ ਵਿੱਚ<br>ਉਸਦੇ ਲਈ ਚੰਗਾ ਕਰੋ ਜਿਸਨੂੰ ਤੁਸੀਂ ਪਸੰਦ ਨਹੀਂ ਕਰਦੇ। ਜੇਕਰ ਤੁਸੀਂ ਕਿਸੇ ਨੂੰ ਨਕਲ ਮਾਰਦੇ ਜਾਂ ਕੰਮ ਖਰਾਬ ਕਰਦਾ ਦੇਖੋ ਤਾਂ ਆਪਣੀ ਜੀਭ ਫੜ ਲਓ। ਉਹਨਾਂ ਬਾਰੇ ਕਿਸੇ ਨੂੰ ਦੱਸੋ ਨਾ ਅਤੇ ਨਾ ਹੀ ਉਹਨਾਂ ਨੂੰ ਕਿਸੇ ਮੁਸੀਬਤ ਵਿੱਚ ਫਸਾਓ। |
| ਪਿਆਰ ਜਾਂ ਆਪਣੇ ਆਪ ਨੂੰ ਸਹੀ ਸਾਬਿਤ ਕਰਨਾ<br>ਬਾਈਬਲ ਦੀ ਕਹਾਣੀ: ਚੰਗੇ ਸਾਮਰੀ ਦੀ ਇਨਸਾਨ ਦੀ ਕਹਾਣੀ<br>ਲਿਊਕ 10:25-37 | ਦਿਮਾਗੀ ਤੁਕ<br>"ਤਾਂ ਉਹ ਨੇ ਉੱਤਰ ਦਿੱਤਾ ਕਿ ਤੂੰ ਪ੍ਰਭੁ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਸ਼ਕਤੀ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਪਿਆਰ ਕਰ ਅਰ ਆਪਣੇ ਗੁਆਂਢੀ ਨੂੰ ਆਪਣੇ ਜਿਹਾ" ਲੂਕਾ 10:27 | ਮੈਦਾਨ ਵਿੱਚ<br>ਇਸ ਹਫਤੇ ਕਿਸੇ ਲੋੜਵੰਦ ਦੀ ਮਦਦ ਕਰਨ ਲਈ ਰੁਕੋ, ਜੋ ਵੀ ਤੁਹਾਡੇ ਬਹਾਨੇ ਹੋਣ ਨਾ ਮਦਦ ਕਰਨ ਦੇ ਉਹਨਾਂ ਬਹਾਨਿਆ ਨੂੰ ਨਜ਼ਰਅੰਦਾਜ਼ ਕਰੋ। ਜੋ ਸਮਾਜ ਵਿੱਚ ਤੁਹਾਡੇ ਬਰੋਬਰ ਦਾ ਨਹੀਂ ਹੈ ਉਸ ਵਿਅਕਤੀ ਲਈ ਕੁਝ ਖਾਸ ਕਰੋ। |
| ਪਿਆਰ ਜਾਂ ਆਤਮਿਕ ਘਮੰਡ। | ਦਿਮਾਗੀ ਤੁਕ<br>"ਪ੍ਰੇਮ ਧੀਰਜਵਾਨ ਅਤੇ ਕਿਰਪਾਲੂ ਹੈ। ਪ੍ਰੇਮ ਖੁਣਸ ਨਹੀਂ ਕਰਦਾ। ਪ੍ਰੇਮ ਫੁਲਦਾ ਨਹੀਂ, ਪ੍ਰੇਮ | ਮੈਦਾਨ ਵਿੱਚ<br>ਪਰਮਾਤਮਾ ਨੂੰ ਪੁੱਛੋ ਕਿ ਸਾਨੂੰ ਅਜਿਹਾ ਕਿਹੜਾ ਆਤਮਿਕ ਕੰਮ ਹੈ ਜੋ ਹੁਣੇ ਤੋਂ ਕਰਨਾ ਰੋਕ ਦੇਣਾ |

| | | |
|---|---|---|
| ਬਾਈਬਲ ਦੀ ਕਹਾਣੀ:<br>ਡੇਵਿਡ ਰਾਜਾ ਦੇ ਰੂਪ ਵਿੱਚ ਚੁਣਿਆ ਗਿਆ<br>1 ਸੈਮੁਅਲ 16:1-13 | ਫੂੰ ਫੂੰ ਨਹੀਂ ਕਰਦਾ ਕੁਚੱਜਿਆ ਨਹੀਂ ਕਰਦਾ, ਆਪ ਸੁਆਰਥੀ ਨਹੀਂ, ਚਿੜ੍ਹਦਾ ਨਹੀਂ, ਬੁਰਾ ਨਹੀਂ ਮੰਨਦਾ ਉਹ ਕੁਧਰਮ ਤੋਂ ਅਨੰਦ ਨਹੀਂ ਹੁੰਦਾ ਸਗੋਂ ਸਚਿਆਈ ਨਾਲ ਅਨੰਦ ਹੁੰਦਾ ਹੈ ਸਭ ਕੁੱਝ ਝੱਲ ਲੈਂਦਾ, ਸਭਨਾਂ ਗੱਲਾਂ ਦੀ ਪਰਤੀਤ ਕਰਦਾ, ਸਭਨਾਂ ਗੱਲਾਂ ਦੀ ਆਸ ਰੱਖਦਾ, ਸਭ ਕੁੱਝ ਸਹਿ ਲੈਂਦਾ"। 1 ਕੁਰਿੰਥੀਆਂ 13:4-7 | ਚਾਹੀਦਾ ਹੈ, ਜਿਵੇਂ ਕਿ ਹੁਣ ਅਸੀਂ ਆਪਣਾ ਧਿਆਨ ਪਿਆਰ ਵੱਲ ਵੱਧ ਵਧਾ ਰਹੇ ਹਾਂ। ਇਸ ਹਫਤੇ ਪਿਆਰ ਦਿਖਾਉਣ ਲਈ ਵੱਧ ਤੋਂ ਵੱਧ ਕੰਮ ਕਰੋ: ਸ਼ੇਖੀ ਨਾ ਮਾਰੋ, ਉਹ ਕੰਮ ਕਰੋ ਜੋ ਦੂਜਿਆ ਲਈ ਵਧੀਆ ਹੋਣ ਨਾ ਕਿ ਤੁਹਾਡੇ ਲਈ, ਅਤੇ ਜੇ ਲੋਕਾਂ ਤੋਂ ਗਲਤੀ ਹੋ ਜਾਵੇ ਤਾਂ ਉਹਨਾਂ ਨੂੰ ਜ਼ਿੰਮੇਦਾਰ ਨਾ ਠਹਿਰਾਓ। |

# ਪਿਆਰ ਦੇ ਮੈਚ

ਹਰ ਕੋਚ ਪਿਆਰ ਦਾ ਫਲ ਲੈਣ ਲਈ 5 ਹਫਤੇ ਤੱਕ 6 ਬੱਚਿਆਂ ਦੀ ਸਹਾਇਤਾ ਕਰਦਾ ਹੈ। ਉਹਨਾਂ ਦੀ ਤਰੱਕੀ ਇੱਥੇ ਲਿਖੋ। ਫੋਟੋ ਕਾਪੀਆਂ ਬਣਾਓ ਜਿਨ੍ਹਾਂ ਦੀ ਜਰੂਰਤ ਹੈ।

| ਕੋਚ: | 1 | 2 | 3 | 4 | 5 |
|---|---|---|---|---|---|
| 1. | | | | | |
| 2. | | | | | |
| 3. | | | | | |
| 4. | | | | | |
| 5. | | | | | |
| 6. | | | | | |

| ਕੋਚ: | 1 | 2 | 3 | 4 | 5 |
|---|---|---|---|---|---|
| 1. | | | | | |
| 2. | | | | | |
| 3. | | | | | |
| 4. | | | | | |
| 5. | | | | | |
| 6. | | | | | |

| ਕੋਚ: | 1 | 2 | 3 | 4 | 5 |
|---|---|---|---|---|---|
| 1. | | | | | |
| 2. | | | | | |
| 3. | | | | | |
| 4. | | | | | |
| 5. | | | | | |
| 6. | | | | | |

| ਕੋਚ: | 1 | 2 | 3 | 4 | 5 |
|---|---|---|---|---|---|
| 1. | | | | | |
| 2. | | | | | |
| 3. | | | | | |
| 4. | | | | | |
| 5. | | | | | |
| 6. | | | | | |

| ਕੋਚ: | 1 | 2 | 3 | 4 | 5 |
|---|---|---|---|---|---|
| 1. | | | | | |
| 2. | | | | | |
| 3. | | | | | |
| 4. | | | | | |
| 5. | | | | | |
| 6. | | | | | |

| ਕੋਚ: | 1 | 2 | 3 | 4 | 5 |
|---|---|---|---|---|---|
| 1. | | | | | |
| 2. | | | | | |
| 3. | | | | | |
| 4. | | | | | |
| 5. | | | | | |
| 6. | | | | | |

| ਕੋਚ: | 1 | 2 | 3 | 4 | 5 |
|---|---|---|---|---|---|
| 1. | | | | | |
| 2. | | | | | |
| 3. | | | | | |
| 4. | | | | | |
| 5. | | | | | |
| 6. | | | | | |

| ਕੋਚ: | 1 | 2 | 3 | 4 | 5 |
|---|---|---|---|---|---|
| 1. | | | | | |
| 2. | | | | | |
| 3. | | | | | |
| 4. | | | | | |
| 5. | | | | | |
| 6. | | | | | |

| ਕੋਚ: | 1 | 2 | 3 | 4 | 5 |
|---|---|---|---|---|---|
| 1. | | | | | |
| 2. | | | | | |
| 3. | | | | | |
| 4. | | | | | |
| 5. | | | | | |
| 6. | | | | | |

| ਕੋਚ: | 1 | 2 | 3 | 4 | 5 |
|---|---|---|---|---|---|
| 1. | | | | | |
| 2. | | | | | |
| 3. | | | | | |
| 4. | | | | | |
| 5. | | | | | |
| 6. | | | | | |

# ਖ਼ੁਸ਼ੀ

| | | |
|---|---|---|
| ਖ਼ੁਸ਼ੀ ਜਾਂ ਈਰਖਾ<br>ਬਾਈਬਲ ਦੀ ਕਹਾਣੀ: ਧਾਰਮਿਕ ਆਗੂ ਈਰਖਾ ਕਰਦੇ ਹਨ।<br>ਐਕਟ 5:12-33 | ਦਿਮਾਗੀ ਤੁਕ<br>"ਤੁਸੀਂ ਹੁਣ ਤੀਕ ਸਰੀਰਿਕ ਹੋ ਕਿਉਂਕਿ ਜਦੋਂ ਜਲਣ ਅਤੇ ਝਗੜੇ ਤੁਹਾਡੇ ਵਿੱਚ ਹਨ ਤਾਂ ਕੀ ਤੁਸੀਂ ਸਰੀਰਿਕ ਨਹੀਂ ਅਤੇ ਇਨਸਾਨੀ ਚਾਲ ਨਹੀਂ ਚੱਲਦੇ ਹੋ?" ੧ ਕੁਰਿੰਥੀਆਂ ਨੂੰ 3:3 | ਮੈਦਾਨ ਵਿੱਚ<br>ਜੋ ਵੀ ਤੁਹਾਨੂੰ ਆਤਮਿਕ ਤੋਹਫ਼ੇ, ਸਰੀਰਕ ਦਿੱਖ, ਦੌਲਤ, ਅਤੇ ਪਰਿਵਾਰ ਮਿਲਿਆ ਹੈ, ਇਹਨਾਂ ਸਭ ਚੀਜ਼ਾਂ ਲਈ ਪਰਮਾਤਮਾ ਦਾ ਧੰਨਵਾਦ ਕਰੋ। ਪਰਮਾਤਮਾ ਨੂੰ ਅਰਜ਼ ਕਰੋ ਕਿ ਜੋ ਵੀ ਤੁਹਾਡੇ ਕੋਲ ਹੈ ਉਸ ਲਈ ਪਰਮਾਤਮਾ ਤੁਹਾਨੂੰ ਖ਼ੁਸ਼ੀ ਅਤੇ ਸੰਤੁਸ਼ਟੀ ਦੇਵੇ। ਪਿਛਲੇ ਸਮੇਂ ਵਿੱਚ ਜਿਸ ਬੰਦੇ ਤੋਂ ਤੁਸੀਂ ਈਰਖਾ ਕਰਦੇ ਰਹੇ ਹੋ ਉਸਨੂੰ ਚੁਣੋ, ਅਤੇ ਇੱਕ ਛੋਟਾ ਜਿਹਾ ਤੋਹਫ਼ਾ ਦਿਓ। (ਉਹਨਾਂ ਨੂੰ ਇਹ ਨਾ ਦੱਸੋ ਕਿ ਪਿਛਲੇ ਸਮੇਂ ਵਿੱਚ ਤੁਸੀਂ ਉਹਨਾਂ ਤੋਂ ਈਰਖਾ ਕਰਦੇ ਸੀ।) |
| ਖ਼ੁਸ਼ੀ ਜਾਂ ਲਾਲਚ<br>ਬਾਈਬਲ ਦੀ ਕਹਾਣੀ: ਅਮੀਰ ਨੌਜਵਾਨ ਆਦਮੀ<br>ਮੈਥਿਊ 19:16-30 | ਦਿਮਾਗੀ ਤੁਕ<br>"ਉਸ ਨੇ ਉਨ੍ਹਾਂ ਨੂੰ ਆਖਿਆ, ਖਬਰਦਾਰ ਅਤੇ ਸਾਰੇ ਲੋਭ ਤੋਂ ਬਚੇ ਰਹੋ ਕਿਉਂ ਜੋ ਕਿਸੇ ਦਾ ਜੀਉਣ ਉਹ ਦੇ ਮਾਲ ਦੇ ਵਾਧੇ ਨਾਲ ਨਹੀਂ ਹੈ " ਲੂਕਾ 12:15 | ਮੈਦਾਨ ਵਿੱਚ<br>ਚਰਚ ਦੇ ਵਿੱਚ ਪਰਮਾਤਮਾ ਨੂੰ ਪਲੇਟ ਵਿੱਚ ਪੈਸੇ ਪਾ ਕੇ ਦਿਓ ਬਿਨਾ ਇਹ ਜਾਣੇ ਕਿ ਇਹ ਪੈਸਾ ਕਿਸਨੂੰ ਜਾਵੇਗਾ। ਆਪਣੇ ਪੈਸਿਆਂ ਵਿਚੋਂ ਕੁਝ ਪੈਸੇ ਕਿਸੇ ਦੀ ਮਦਦ ਕਰਨ ਲਈ ਲਗਾਓ। ਜੇਕਰ ਤੁਹਾਡੇ ਕੋਈ ਕੋਈ ਪੈਸਾ ਨਹੀਂ ਹੈ ਤਾਂ ਆਪਣੀ ਸੰਪਤੀ ਵਿਚੋਂ ਕੋਈ ਵਸਤੂ ਦਾਨ ਕਰ ਦਿਓ। |
| ਖ਼ੁਸ਼ੀ ਜਾਂ ਆਪਣੇ ਆਪ ਤੇ ਦਇਆ<br>ਬਾਈਬਲ ਦੀ ਕਹਾਣੀ: ਜੋਨ੍ਹਾ ਅਤੇ ਕੀੜਾ<br>ਜੋਨ੍ਹਾ 4:1-10 | ਦਿਮਾਗੀ ਤੁਕ<br>"ਕਿਉਂ ਜੋ ਸਾਡਾ ਹੌਲਾ ਜਿਹਾ ਕਸ਼ਟ ਜਿਹੜਾ ਛਿੰਨ ਭਰ ਦਾ ਹੀ ਹੈ ਭਾਰੀ ਸਗੋਂ ਅੱਤ ਭਾਰੀ ਅਤੇ ਸਦੀਪਕ ਵਡਿਆਈ ਨੂੰ ਸਾਡੇ ਲਈ ਤਿਆਰ ਕਰਦਾ ਹੈ ਅਸੀਂ ਦਿੱਸਣ ਵਾਲੀਆਂ ਵਸਤਾਂ ਨੂੰ ਤਾਂ ਨਹੀਂ ਸਗੋਂ ਅਣਡਿੱਠ ਵਸਤਾਂ ਨਾਲ ਧਿਆਨ ਕਰਦੇ ਹਾਂ ਕਿਉਂ ਜੋ ਦਿੱਸਣ ਵਾਲੀਆਂ ਵਸਤਾਂ ਅਨਿੱਤ ਹਨ ਪਰ ਅਣਡਿੱਠ ਵਸਤਾਂ ਨਿੱਤ ਹਨ।।" ੨ ਕੁਰਿੰਥੀਆਂ ਨੂੰ 4:17-18 | ਮੈਦਾਨ ਵਿੱਚ<br>ਬੇਸਹਾਰਾ ਲੋਕਾਂ ਦੀ ਧਰਮਸ਼ਾਲਾ ਜਾਂ ਅਜਿਹੀ ਸੰਸਥਾ ਜਿਹੜੀ ਗਰੀਬਾਂ ਨੂੰ ਭੋਜਣ ਦਿੰਦੀ ਹੈ ਦੀ ਮਦਦ ਕਰੋ। ਜਾਂ ਫਿਰ, ਇੱਕ ਹਸਪਤਾਲ ਵਿੱਚ ਬਿਮਾਰਾਂ ਕੋਲ ਜਾਓ। ਪ੍ਰਮਾਤਮਾ ਨੂੰ ਪ੍ਰਾਰਥਨਾ ਕਰੋ ਅਤੇ ਕਹੋ ਕਿ ਉਹ ਵੱਡੀ ਤਸਵੀਰ ਦੇਖਣ ਲਈ ਤੁਹਾਡੀਆਂ ਅੱਖਾਂ ਖੋਲੇ, ਅਤੇ ਆਪਣੇ ਆਪ ਤੁਹਾਡੀਆਂ ਅੱਖਾਂ ਬੰਦ ਕਰਨ ਵਿੱਚ ਮਦਦ ਕਰੇ। |
| ਖ਼ੁਸ਼ੀ ਜਾਂ ਸ਼ੁਕਰਗੁਜਾਰ ਨਾ ਹੋਣਾ<br>ਬਾਈਬਲ ਦੀ ਕਹਾਣੀ: ਈਸਾ ਮਸੀਹ ਨੇ 10 ਕੋੜ੍ਹੀਆਂ ਦਾ ਇਲਾਜ ਕੀਤਾ<br>ਲਿਊਕ 17:11-19 | ਦਿਮਾਗੀ ਤੁਕ<br>"ਧੰਨਵਾਦ ਕਰਦੇ ਹੋਏ ਉਹ ਦੇ ਫਾਟਕਾਂ ਦੇ ਅੰਦਰ, ਅਤੇ ਉਸਤਤ ਕਰਦੇ ਹੋਏ ਉਹ ਦੇ ਦਰਬਾਰ ਵਿੱਚ ਆਓ, ਉਹ ਦਾ ਧੰਨਵਾਦ ਕਰੋ ਅਤੇ ਉਹ ਦੇ ਨਾਮ ਨੂੰ ਮੁਬਾਰਕ ਆਖੋ।" ਜ਼ਬੂਰਾਂ ਦੀ ਪੋਥੀ 100:4 | ਮੈਦਾਨ ਵਿੱਚ<br>ਤੁਹਾਡੇ ਮਾਤਾ ਪਿਤਾ (ਜਾਂ ਕੋਈ ਹੋਰ) ਜੋ ਤੁਹਾਨੂੰ ਹਰ ਰੋਜ਼ ਕੁਝ ਨਾ ਕੁਝ ਦਿੰਦੇ ਹਨ ਉਹਨਾਂ ਦਾ ਧੰਨਵਾਦ ਕਰੋ। ਕਿਸੇ ਚੀਜ਼ ਤੋਂ ਬਿਨਾ ਕੁਝ ਸਮੇਂ ਲਈ ਬਾਹਰ ਜਾ ਕੇ ਦੇਖੋ, ਇਹ ਯਾਦ ਰੱਖਦੇ ਹੋਏ ਕਿ ਉਹ ਚੀਜ਼ ਤੁਹਾਡੇ ਕੋਲ ਹਮੇਸ਼ਾਂ ਨਹੀਂ ਰਹਿਣੀ। |

# ਕੋਚ

ਹਰ ਕੋਚ ਖ਼ੁਸ਼ੀ ਦਾ ਫਲ ਲੈਣ ਲਈ 4 ਹਫਤੇ ਤੱਕ 6 ਬੱਚਿਆਂ ਦੀ ਸਹਾਇਤਾ ਕਰਦਾ ਹੈ। ਉਹਨਾਂ ਦੀ ਤਰੱਕੀ ਇੱਥੇ ਲਿਖੋ। ਫੋਟੋ ਕਾਪੀਆਂ ਬਣਾਓ ਜਿਨ੍ਹਾਂ ਦੀ ਜਰੂਰਤ ਹੈ।

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

## ਖ਼ੁਸ਼ੀ

| | | |
|---|---|---|
| ਸ਼ਾਂਤੀ ਜਾਂ ਚਿੰਤਾ<br>ਬਾਈਬਲ ਦੀ ਕਹਾਣੀ:<br>ਐਲਾਈਜਾ ਕਾਵਾਂ ਦੁਆਰਾ ਖਾਦਾ ਗਿਆ<br>1 ਰਾਜੇ 17:1-6 | ਦਿਮਾਗੀ ਤੁਕ<br>" ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਤਾਂ ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ " ਮੱਤੀ 6:33 | ਮੈਦਾਨ ਵਿੱਚ<br>ਜੋ ਤੁਹਾਡੇ ਕੋਲ ਹੈ ਉਸਨੂੰ ਕਿਸੇ ਹੋਰ ਕਿਸੇ ਨਾਲ ਸਾਂਝਾ ਕਰੋ, ਚਾਹੇ ਤੁਹਾਨੂੰ ਉਸ ਚੀਜ਼ ਤੋਂ ਬਿਨਾ ਕਿਉਂ ਨਾ ਜਿਆਉਣਾ ਪਵੇ। ਕੋਈ ਵੀ ਭੋਜਨ, ਕੱਪੜੇ, ਬੱਸ ਦਾ ਕਿਰਾਇਆ ਜਾਂ ਕੋਈ ਹੋਰ ਚੀਜ਼ ਜਿਸ ਨਾਲ ਤੁਹਾਡਾ ਪੈਸਾ ਲੱਗ ਸਕਦਾ ਹੈ। ਪਰਮਾਤਮਾ ਨੂੰ ਕਹੋ ਕਿ ਤੁਹਾਡੀਆਂ ਲੋੜਾਂ ਪੂਰੀਆਂ ਕਰੇ। |
| ਸ਼ਾਂਤੀ ਜਾਂ ਡਰ<br>ਬਾਈਬਲ ਦੀ ਕਹਾਣੀ: ਪੀਟਰ ਪਾਣੀ ਤੇ ਤੁਰਦਾ ਹੈ<br>ਮੈਥਿਊ 14:22-33 | ਦਿਮਾਗੀ ਤੁਕ<br>" ਉਸ ਨੇ ਕਿਹਾ, ਆਪਣੀ ਘੱਟ ਨਿਹਚਾ ਦੇ ਕਾਰਨ ਕਿਉਂ ਜੋ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਜੇ ਤੁਹਾਡੇ ਵਿੱਚ ਇੱਕ ਰਾਈ ਦੇ ਦਾਣੇ ਸਮਾਨ ਨਿਹਚਾ ਹੋ ਤਾਂ ਤੁਸੀਂ ਇਸ ਪਹਾੜ ਨੂੰ ਕਹੋਗੇ ਜੋ ਐਧਰੋਂ ਹਟ ਕੇ ਉਸ ਥਾਂ ਚੱਲਿਆ ਜਾਹ ਅਤੇ ਉਹ ਚੱਲਿਆ ਜਾਵੇਗਾ ਅਤੇ ਤੁਹਾਨੂੰ ਕੋਈ ਕੰਮ ਅਣਹੋਣਾ ਨਾ ਹੋਵੇਗਾ।।"<br>ਮੱਤੀ 17:20-21 | ਮੈਦਾਨ ਵਿੱਚ<br>ਅਜਿਹੀ ਚੀਜ਼ ਚੁਣੋ ਜਿਸਨੂੰ ਕਰਨਾ ਤੁਹਾਨੂੰ ਅਸੰਭਵ ਲੱਗੇ, ਅਤੇ ਆਪਣੇ ਡਰ ਨੂੰ ਇੱਕ ਪਾਸੇ ਰੱਖ ਦਿਓ। ਈਸਾ ਮਸੀਹ ਨੂੰ ਕਹੋ ਕਿ ਉਹ ਇਸ ਵਿੱਚ ਤੁਹਾਡੀ ਮਦਦ ਕਰਨ। ਫਿਰ ਇਸਦੇ ਵਿੱਚ ਕਦਮ ਰੱਖ ਦਿਓ। (ਸ਼ੁਰੂ ਕਰਨਾ ਹੀ ਤੁਹਾਡੇ ਲਈ ਸਫਲਤਾ ਹੋਵੇਗੀ, ਭਾਵੇਂ ਤੁਸੀਂ ਪੀਟਰ ਵਾਂਗ ਡੁੱਬ ਹੀ ਕਿਉਂ ਨਾ ਜਾਓ। ਤੁਹਾਡਾ ਕੰਮ ਇਹ ਹੋਵੇਗਾ ਕਿ ਤੁਸੀਂ ਕੁਝ ਚੁਣੋ ਜੋ ਕਰਨ ਵਿੱਚ ਅਸੰਭਵ ਹੋਵੇ।) |
| ਸ਼ਾਂਤੀ ਜਾਂ ਝਗੜਾ<br>ਬਾਈਬਲ ਦੀ ਕਹਾਣੀ: ਦੂਜੀ ਗੱਲ੍ਹ ਅੱਗੇ ਕਰੋ<br>ਮੈਥਿਊ 5:38-42 | ਦਿਮਾਗੀ ਤੁਕ<br>" ਜੇ ਹੋ ਸੱਕੇ ਤਾਂ ਆਪਣੀ ਵਾਹ ਲੱਗਦਿਆ ਸਾਰੇ ਮਨੁੱਖਾਂ ਦੇ ਨਾਲ ਮੇਲ ਰੱਖੋ " ਰੋਮੀਆਂ ਨੂੰ 12:18 | ਮੈਦਾਨ ਵਿੱਚ<br>ਇਸ ਹਫ਼ਤੇ ਆਪਣੇ ਆਪ ਨੂੰ ਇੱਕ ਵਾਰ ਗਲਤ ਸਾਬਿਤ ਹੋਣ ਦਿਓ। (ਤੁਹਾਨੂੰ ਗਲਤ ਕਰਨ ਦਾ ਸਿਲਸਿਲਾ ਆਪਣੇ ਆਪ ਹੀ ਹੋ ਜਾਵੇਗਾ।) ਤੁਹਾਨੂੰ ਕੁਝ ਵੀ ਕਰਨ ਦੀ ਜਰੂਰਤ ਨਹੀਂ ਪਵੇਗੀ।. |
| ਸ਼ਾਂਤੀ ਜਾਂ ਆਪਣੇ ਆਪ ਤੇ ਵਿਸ਼ਵਾਸ<br>ਬਾਈਬਲ ਦੀ ਕਹਾਣੀ: ਈਸਾ ਮਸੀਹ 5000 ਲੋਕਾਂ ਨੂੰ ਖਾਨਾ ਦਿੰਦਾ ਹੈ<br>ਲਿਊਕ 9:10-17 | ਦਿਮਾਗੀ ਤੁਕ<br>" ਅਤੇ ਉਸ ਨੇ ਮੈਨੂੰ ਆਖਿਆ ਭਈ ਮੇਰੀ ਕਿਰਪਾ ਹੀ ਤੇਰੇ ਲਈ ਬਥੇਰੀ ਹੈ ਕਿਉਂ ਜੋ ਮੇਰੀ ਸਮਰੱਥਾ ਨਿਰਬਲਤਾਈ ਵਿੱਚ ਪੂਰੀ ਹੁੰਦੀ ਹੈ। ਇਸ ਲਈ ਮੈਂ ਆਪਣੀਆਂ ਨਿਰਬਲਤਾਈਆਂ ਉੱਤੇ ਅੱਤ ਅਨੰਦ ਨਾਲ ਅਭਮਾਨ ਕਰਾਂਗਾ ਤਾਂ ਜੋ ਮਸੀਹ ਦੀ ਸਮਰੱਥਾ ਮੇਰੇ ਉੱਤੇ ਸਾਯਾ ਕਰੇ " ੨ ਕੁਰਿੰਥੀਆਂ ਨੂ 12:9 | ਮੈਦਾਨ ਵਿੱਚ<br>ਪਰਮਾਤਮਾ ਨੂੰ ਕਹੋ ਕਿ ਉਹ ਤੁਹਾਨੂੰ ਅਜਿਹੇ ਖੇਤਰ ਵਿੱਚ ਮੌਕਾ ਦੇਵੇ ਜਿਸ ਵਿੱਚ ਤੁਸੀਂ ਕਮਜ਼ੋਰ ਹੋ ਅਤੇ ਪਰਮਾਤਮਾ ਨੂੰ ਉਸੇ ਖੇਤਰ ਵਿੱਚ ਧਿਆਉਣਾ ਚਾਹੁੰਦੇ ਹੋ। ਉਸ ਖੇਤਰ ਵਿੱਚ ਧਿਆਉਣ ਲਈ ਆਪਣੀ ਚਰਚ ਵਿੱਚ ਜਾਇਆ ਕਰੋ। ਜੇਕਰ ਤੁਸੀਂ ਚੁੱਪ ਰਹਿੰਦੇ ਹੋ, ਤਾਂ ਇਸ ਹਫਤੇ ਵੱਧ ਤੋਂ ਵੱਧ ਬੋਲੋ। ਜੇਕਰ ਤੁਸੀਂ ਬਹੁਤ ਬੋਲਦੇ ਹੋ, ਤਾਂ ਇਸ ਹਫਤੇ ਜਿਆਦਾ ਚੁੱਪ ਰਹੋ। |

# ਖ਼ੁਸ਼ੀ ਕੋਚ

ਹਰ ਕੋਚ ਸ਼ਾਂਤੀ ਦਾ ਫਲ ਲੈਣ ਲਈ 4 ਹਫਤੇ ਤੱਕ 6 ਬੱਚਿਆਂ ਦੀ ਸਹਾਇਤਾ ਕਰਦਾ ਹੈ। ਉਹਨਾਂ ਦੀ ਤਰੱਕੀ ਇੱਥੇ ਲਿਖੋ। ਫੋਟੋ ਕਾਪੀਆਂ ਬਣਾਓ ਜਿਨ੍ਹਾਂ ਦੀ ਜਰੂਰਤ ਹੈ।

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

| ਕੋਚ: | 1 | 2 | 3 | 4 |
|---|---|---|---|---|
| 1. | | | | |
| 2. | | | | |
| 3. | | | | |
| 4. | | | | |
| 5. | | | | |
| 6. | | | | |

# ਪਰਮਾਤਮਾ ਵਰਤੋਂ



# ਤੁਹਾਡੀ ਅਗਲੀ ਪੀੜ੍ਹੀ ਨੂੰ

# ਬਦਲਣ ਲਈ ਕਰ ਰਿਹਾ ਹੈ।


Head Coach Champions
Punjabi
20316

www.ChildrenAreImportant.com
info@childrenareimportant.com
We are located in Mexico.
DK Editorial Pro-Visión A.C.

ਚਿਲਡਰਨ ਆਰ ਇਮਪੋਰਟੈਂਟ